ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਐਲ.ਟੀ.ਸੀ. ਦੀ ਸਹੂਲਤ

1. ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨ: 5680-ਐਸ ।।(2)-70/24097 ਮਿਤੀ 14/9/70 ਰਾਹੀਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ 2 ਸਾਲ ਵਿਚ ਇੱਕ ਵਾਰ ਆਪਣੇ ਪਰਮਾਨੈਂਟ ਰਿਹਾਇਸ਼ ਵਾਲੀ ਜਗ੍ਹਾ ਤੇ ਜਾਣ ਲਈ (ਪਰੀਵਾਰ ਸਮੇਤ) ਐਲ.ਟੀ.ਸੀ. ਦੀ ਸਹੂਲਤ ਦਿੱਤੀ ਗਈ ਸੀ। ਜਿਸ ਵਿਚ ਇਹ ਸ਼ਰਤ ਲਗਾਈ ਗਈ ਸੀ ਕਿ ਕਰਮਚਾਰੀ 400 ਕਿ.ਮੀ. ( 160 ਕਿ.ਮੀ. ਦਰਜਾ ਚਾਰ) ਤੱਕ ਦਾ ਖਰਚਾ ਕਰਮਚਾਰੀ ਆਪਣੇ ਕੋਲੋਂ ਖਰਚ ਕਰੇਗਾ।

   ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/43/98-6ਪੀ.ਪੀ.3/11868 ਮਿਤੀ 9/9/98 ਅਨੁਸਾਰ 160/400 ਕਿ.ਮੀ. ਦੀ ਹੋਮ ਟਾਊਨ ਜਾਣ ਦੀ ਸੀਮਾ ਖਤਮ ਕਰ ਦਿੱਤੀ ਗਈ ਅਤੇ ਦੂਰੀ ਦੀ ਕੋਈ ਸੀਮਾ ਲਾਗੂ ਨਹੀਂ ਹੋਵੇਗੀ।

2. ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨ: 5680-6 ਜੀ.ਐਸ.-76 /171 ਮਿਤੀ 13/1/77 ਰਾਹੀਂ ਐਲ.ਟੀ.ਸੀ.ਸੁਵਿਧਾ ਨੂੰ 2 ਬੱਚਿਆਂ ਤੱਕ ਸੀਮਿਤ ਕਰ ਦਿੱਤਾ ਗਿਆ ਸੀ ਪਰੰਤੂ ਜੇਕਰ ਪਹਿਲੇ 2 ਬੱਚੇ ਦੋਵੇ ਲੜਕੇ ਜਾਂ ਦੋਵੇਂ ਲੜਕੀਆਂ ਹੋਣ ਜਾਂ ਕੋਈ ਬੱਚਾ ਅਪਾਹਜ ਹੋਵੇ ਤਾਂ ਤੀਸਰੇ ਬੱਚੇ ਨੂੰ ਵੀ ਐਲ.ਟੀ.ਸੀ. ਲਈ ਮੈਂਬਰ ਮੰਨਿਆ ਜਾਵੇਗਾ। ਜੇਕਰ ਕਿਸੇ ਕਰਮਚਾਰੀ ਦੇ ਪਹਿਲੀ ਵਾਰ ਹੀ ਤਿੰਨ ਜੁੜਵਾਂ ਬੱਚੇ ਜਾਂ ਇੱਕ ਬੱਚੇ ਦੇ ਹੁੰਦੇ ਹੋਏ ਦੂਸਰੀ ਵਾਰੀ ਦੋ ਜੁੜਵਾਂ ਬੱਚੇ ਹੋਣ ਤਾਂ ਤੀਸਰਾ ਬੱਚਾ ਪਰਿਵਾਰ ਦੀ ਪ੍ਰੀਭਾਸ਼ਾ ਵਿਚ ਮੰਨਿਆ ਜਾਵੇਗਾ।

   ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/10/88-6 ਜੀ.ਈ./3299 ਮਿਤੀ 9/3/89 ਅਨੁਸਾਰ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ 2 ਸਾਲ ਵਿਚ ਇੱਕ ਵਾਰ ਆਪਣੇ ਹੋਮ ਟਾਊਨ ਜਾਣ ਲਈ ਦਿੱਤੀ ਗਈ ਸਹੂਲਤ ਵਿਚ ਵਾਧਾ ਕਰਦੇ ਹੋਏ 4 ਸਾਲ ਵਿਚ ਇੱਕ ਵਾਰ ਭਾਰਤ ਵਿਚ ਕਿਤੇ ਵੀ ਐਲ.ਟੀ.ਸੀ. ਤੇ ਜਾਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਤਰ੍ਹਾਂ ਕਰਕੇ ਕਰਮਚਾਰੀ 2 ਸਾਲ ਦੇ ਇੱਕ ਬਲਾਕ ਨੂੰ ਹੋਮ ਟਾਊਨ ਅਤੇ ਦੂਸਰੇ ਨੂੰ ਭਾਰਤ ਵਿਚ ਕਿਤੇ ਵੀ ਘੁੰਮਣ ਫਿਰਨ ਲਈ ਵਰਤ ਸਕਦਾ ਸੀ। ਭਾਰਤ ਵਿਚ ਕਿਤੇ ਵੀ ਘੁੰਮਣ ਫਿਰਨ ਲਈ 4 ਸਾਲ ਦਾ ਬਲਾਕ 1990 - 1993 ਦੇ ਬਲਾਕ ਤੋਂ ਸ਼ੁਰੂ ਕੀਤਾ ਗਿਆ ਸੀ ਜਿਸ ਵਿਚ ਹੇਠ ਲਿਖੀਆਂ ਸ਼ਰਤਾਂ ਪਾਈਆਂ ਗਈਆਂ ਸਨ:-

   ੳ) ਐਲ.ਟੀ.ਸੀ. ਲਈ ਸਫਰ ਕਿਸੇ ਸਰਕਾਰੀ ਟਰਾਂਸਪੋਰਟ ਜਾਂ ਟੂਰਿਜਮ ਵਿਭਾਗ ਜਾਂ ਕਾਰਪੋਰੇਸ਼ਨ ਦੀ ਬਸ ਰਾਹੀਂ ਸਫਰ ਕੀਤਾ ਜਾਵੇਗਾ। ਪ੍ਰਾਈਵੇਟ ਜਾਂ ਪ੍ਰਾਈਵੇਟ ਚਾਰਟਡ ਬੱਸਾਂ ਰਾਹੀਂ ਸਫਰ ਕਰਨ ਦੀ ਮਨਜ਼ੂਰੀ ਨਹੀਂ ਮਿਲੇਗੀ।

ਅ) ਐਲ.ਟੀ.ਸੀ. ਤੇ ਜਾਣ ਲਈ ਕਰਮਚਾਰੀ ਰੈਗੂਲਰ ਛੁੱਟੀ ਜਾਂ ਅਚਨਚੇਤ ਛੁੱਟੀ ਜਰੂਰ ਲੈ ਕੇ ਜਾਵੇਗਾ।

ੲ) ਐਲ.ਟੀ.ਸੀ. ਲਈ ਪਰੀਵਾਰ ਦੀ ਪ੍ਰੀਭਾਸ਼ਾ ਸਫਰੀ ਭੱਤੇ ਵਾਲੀ ਹੀ ਹੋਵੇਗੀ।

ਸ) ਐਲ.ਟੀ.ਸੀ. ਦਾ ਕਲੇਮ ਜਿਹੜੇ ਸਟੇਸ਼ਨ ਤੇ ਵਿਜਟ ਕੀਤਾ ਗਿਆ ਹੈ ਉਥੇ ਤੱਕ ਦਾ ਸੌਰਟੈਸਟ ਰੂਟ ਤੇ ਜ਼ੋ ਕਿਰਾਇਆ ਬਣਦਾ ਹੈ ਉਹ ਦਿੱਤਾ ਜਾਵੇਗਾ।

ਹ) ਐਲ.ਟੀ.ਸੀ. ਤੇ ਜਾਣ ਤੋਂ ਪਹਿਲਾਂ ਸਮਰੱਥ ਅਧਿਕਾਰੀ ਦੀ ਪੂਰਵ ਪ੍ਰਵਾਨਗੀ ਲੈਣੀ ਜਰੂਰੀ ਹੈ।ਪ੍ਰਵਾਨਗੀ ਲੈਣ ਲਈ ਕਰਮਚਾਰੀ ਅਨੁਲੱਗ 'ੳ' ਵਿਚ ਬਿਨੇ ਪੱਤਰ ਦੇਵੇਗਾ।

ਕ) ਯਾਤਾਰਾ ਖਤਮ ਕਰਨ ਤੋਂ ਬਾਅਦ ਕਲੇਮ ਸਬਮਿਟ ਕਰਨ ਸਮੇਂ ਅਨੁਲੱਗ 'ਬੀ' ਅਤੇ 'ਸੀ' ਵਿਚ ਸਰਟੀਫਿਕੇਟ ਅਤੇ ਹਲਫੀਆ ਬਿਆਨ ਦੇਵੇਗਾ।

ਖ) ਭਾਰਤ ਸਰਕਾਰ ਵਲੋਂ ਸਮੇਂ ਸਮੇਂ ਜਾਰੀ ਐਲ.ਟੀ.ਸੀ. ਸਬੰਧੀ ਹਦਾਇਤਾਂ ਪੰਜਾਬ ਸਰਕਾਰ ਦੇ ਕਰਮਚਾਰੀਆਂ ਤੇ ਵੀ ਲਾਗੂ ਹੋਣਗੀਆਂ।

ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/10/88-6 ਪੀ.ਪੀ.3/1741 ਮਿਤੀ 25/1/90 ਅਨੁਸਾਰ ਐਲ.ਟੀਸੀ. ਤੇ ਜਾਣ ਲਈ ਮਨਜ਼ੂਰੀ ਦੇਣ ਦਾ ਅਧਿਕਾਰ ਗਰੁੱਪ ਸੀ. ਅਤੇ ਡੀ. ਲਈ ਦਫਤਰ ਦਾ ਮੁਖੀ, ਗਰੁਪ ਏ.ਅਤੇ ਬੀ. ਲਈ ਵਿਭਾਗ ਦਾ ਮੁਖੀ ਅਤੇ ਵਿਭਾਗ ਦੇ ਮੁਖੀ, ਵਧੀਕ/ ਜੁਆਇੰਟ ਮੁਖੀ ਦੇ ਕੇਸ ਵਿਚ ਮਨਜ਼ੂਰੀ ਸਰਕਾਰ ਵਲੋਂ ਦਿੱਤੀ ਜਾਵੇਗੀ।

ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/10/88-6 ਪੀ.ਪੀ.3/17318 ਮਿਤੀ 26/9/90

ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/10/88-6 ਪੀ.ਪੀ.3/6073 ਮਿਤੀ 22/4/91 ਅਨੁਸਾਰ ਸਰਕਾਰੀ ਕਰਮਚਾਰੀ ਦੇ ਆਸ਼ਰਿਤ ਜੇਕਰ ਪੈਨਸ਼ਨਰ ਹੋਣ ਤਾਂ ਉਸ ਨੂੰ ਐਲ.ਟੀ.ਸੀ. ਲਈ ਕਰਮਚਾਰੀ ਤੇ ਨਿਰਭਰ ਨਹੀਂ ਮੰਨਿਆ ਜਾਵੇਗਾ।

ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/20/95-6 ਪੀ.ਪੀ.3/25855 ਮਿਤੀ 8/12/95 ਅਨੁਸਾਰ ਜੇਕਰ ਕੋਈ ਕਰਮਚਾਰੀ ਐਲ.ਟੀ.ਸੀ. ਦੇ 4 ਸਾਲ ਦੇ ਇੱਥ ਬਲਾਕ ਵਿਚ ਸਫਰ ਸ਼ੁਰੂ ਕਰਦਾ ਹੈ ਅਤੇ ਦੂਸਰੇ ਬਲਾਕ ਵਿਚ ਖਤਮ ਕਰਦਾ ਹੈ ਤਾਂ ਜਿਹੜੇ ਬਲਾਕ ਵਿਚ ਯਾਤਰਾ ਸ਼ੁਰੂ ਕੀਤੀ ਗਈ ਹੈ ਐਲ.ਟੀ.ਸੀ. ਉਸੇ ਬਲਾਕ ਦਾ ਸਮਝਿਆ ਜਾਵੇਗਾ।

ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/20/95-6 ਪੀ.ਪੀ.3/17666 ਮਿਤੀ 15/10/96 ਅਨੁਸਾਰ ਰਾਜ ਸਰਕਾਰ ਦੇ ਕਰਮਚਾਰੀ ਅਤੇ ਉਸ ਦੇ ਆਸ਼ਰਿਤ ਕਿਸੇ ਇੱਕ ਬਲਾਕ ਵਿਚ ਵੱਖ ਵੱਖ

ਥਾਂਵਾਂ ਤੇ ਵੱਖ ਵੱਖ ਮਿਤੀਆਂ ਨੂੰ ਜਾ ਕੇ ਐਲ.ਟੀ.ਸੀ. ਦੇ ਖਰਚੇ ਦੀ ਪ੍ਰਤੀ ਪੂਰਤੀ ਦੀ ਸਹੂਲਤ ਲੈ ਸਕਦੇ ਹਨ।

ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/13/97-6ਪੀਭ.ਿ3/10841 ਮਿਤੀ 27/5/97 ਅਨੁਸਾਰ ਕਰਮਚਾਰੀ ਵਲੋਂ ਐਲ.ਟੀ.ਸੀ. ਤੇ ਜਾਣ ਤੋਂ 15 ਦਿਨ ਪਹਿਲਾਂ ਸਮਰੱਥ ਅਧਿਕਾਰੀ ਨੂੰ ਅਰਜੀ ਦੇ ਦਿੱਤੀ ਗਈ ਹੋਵੇ ਪਰ ਐਲ.ਟੀ.ਸੀ. ਤੇ ਜਾਣ ਤੱਕ ਮਨਜ਼ੂਰੀ ਪ੍ਰਾਪਤ ਨਾ ਹੋਈ ਹੋਵੇ ਉਸ ਕੇਸ ਵਿਚ ਸਮਰੱਥ ਅਧਿਕਾਰੀ ਵੱਲੋਂ ਆਪਣੇ ਪੱਧਰ ਤੇ ਕਾਰਜ ਬਾਅਦ ਮਨਜ਼ੂਰੀ ਦਿੱਤੀ ਜਾ ਸਕਦੀ ਹੈ। ਪਰਸੋਨਲ ਵਿਭਾਗ ਨੂੰ ਕਾਰਜ ਬਾਅਦ ਮਨਜ਼ੂਰੀ ਦਾ ਕੇਸ ਭੇਜਣ ਦੀ ਲੋੜ ਨਹੀਂ।

ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/27/97-6ਪੀ.ਪੀ.3/10765 ਮਿਤੀ 11/8/98 ਅਨੁਸਾਰ ਐਲ.ਟੀ.ਸੀ. ਲਈ ਪ੍ਰੀਵਾਰ ਦੀ ਪ੍ਰੀਭਾਸ਼ਾ ਵਿਚ ਸਰਕਾਰੀ ਕਰਮਚਾਰੀ ਦੀ ਪਤਨੀ ਜਾਂ ਪਤੀ, ਸਰਕਾਰੀ ਕਰਮਚਾਰੀ ਨਾਲ ਰਹਿ ਰਹੀ/ਰਿਹਾ ਹੋਵੇ ਅਤੇ ਦੋ ਜੀਵਤ ਬੱਚੇ ਜਾਂ ਮਤਰੇਏ ਬੱਚੇ (ਇਹ ਸ਼ਰਤ 20/10/98 ਪਹਿਲਾਂ ਪੈਦਾ ਹੋਏ ਬੱਚੇ, ਇੱਕ ਬੱਚੇ ਤੋਂ ਬਾਅਦ ਜੌੜੇ ਬੱਚੇ ਦੇ ਕੇਸ ਵਿਚ ਲਾਗੂ ਨਹੀਂ ਹੋਵੇਗੀ)( ਪੱਤਰ ਨੰ: 6/27/97-6ਪੀ.ਪੀ.3/12507 ਮਿਤੀ 6/10/2000 ਰਾਹੀਂ ਦੋ ਬੱਚੇ ਤੋਂ ਪਹਿਲਾਂ ਸ਼ਬਦ ਅਣਵਿਆਹੇ ਸ਼ਾਮਿਲ ਕੀਤਾ ਗਿਆ ਅਤੇ ਪਤੀ ਪਤਨੀ/ਬੱਚੇ ਦੇ ਨਾਲ ਰਹਿਣ ਦੀ ਸ਼ਰਤ ਨੂੰ ਖਤਮ ਕੀਤਾ ਗਿਆ) ਉਸ ਨਾਲ ਰਹਿ ਰਹੇ ਹੋਣ ਅਤੇ ਪੂਰੀ ਤਰ੍ਹਾਂ ਨਿਰਭਰ ਹੋਣ ਅਤੇ ਜਿਸ ਦੀ ਸਾਰੇ ਸਾਧਨਾਂ ਤੋਂ ਆਮਦਨ 1500/- ਤੋਂ ਵੱਧ ਨਾ ਹੋਵੇ। ਇਸ ਤੋਂ ਇਲਾਵਾ ਮਾਤਾ/ਪਿਤਾ, ਮਤਰੇਈ ਮਾਤਾ, ਅਣਵਿਆਹੀਆਂ ਭੈਣਾ, ਭਰਾ ਅਤੇ ਸ਼ਾਦੀ ਸੁਦਾ ਲੜਕੀਆਂ ਜਿਹੜੀਆਂ ਕਿ ਤਲਾਕੁਸ਼ਦਾ, ਛੱਡੀਆਂ ਹੋਈਆਂ ਜਾਂ ਵਿਧਵਾ ਭੈਣਾ ਜ਼ੋ ਕਰਮਚਾਰੀ ਤੇ ਨਿਰਭਰ ਹੋਣ ਬਸ਼ਰਤੇ ਕਿ ਕਰਮਚਾਰੀ ਦੇ ਮਾਤਾ ਪਿਤਾ ਜਾਂ ਤਾਂ ਜਿੰਦਾ ਨਾ ਹੋਣ ਜਾਂ ਪਿਤਾ ਵੀ ਕਰਮਚਾਰੀ ਤੇ ਨਿਰਭਰ ਹੋਵੇ।

ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/27/97-6PP/2275 ਮਿਤੀ 19/2/2007 ਅਨੁਸਾਰ ਐਲ.ਟੀ.ਸੀ. ਬਾਰੇ ਸਪਸ਼ਟੀਕਰਨ ਜਾਰੀ ਕੀਤੇ ਗਏ ਸਨ ਜਿਨਾਂ ਵਿਚੋਂ ਮੁੱਖ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ੳ) ਸ਼ਤਾਬਦੀ /ਰਾਜਧਾਨੀ ਗੱਡੀਆਂ ਵਿਚ ਅਧਿਕਾਰਤ ਸਫਰ ਕਰਨ ਵਾਲੇ ਨੂੰ ਖਰਚੇ ਦੀ ਪ੍ਰਤੀ ਪੂਰਤੀ ਤਾਂ ਹੀ ਹੋਵੇਗੀ ਜੇਕਰ ਅਸਲ ਵਿਚ ਉਹ ਇਨੑਾਂ ਗੱਡੀਆਂ ਵਿਚ ਸਫਰ ਕਰੇਗਾ ਭਾਵ ਇਸ ਨੂੰ ਹੱਕਦਾਰੀ ਦੇ ਤੌਰ ਤੇ ਨਹੀਂ ਲਿਆ ਜਾ ਸਕੇਗਾ।

ਅ) ਸਤਾਬਦੀ/ਰਾਜਧਾਨੀ ਗੱਡੀਆਂ ਭਾਵੇ ਯਾਤਰਾ ਦੇ ਸੁਰੂ ਹੋਣ ਵਾਲੀ ਜਗ੍ਹਾ ਤੋਂ ਯਾਤਰਾ ਦੇ ਖਤਮ ਹੋਣ ਵਾਲੇ ਸਟੇਸ਼ਨਾਂ ਤੇ ਸਿੱਧੇ ਤੌਰ ਤੇ ਨਾ ਜੁੜੀਆਂ ਹੋਣ ਜੇਕਰ ਰਸਤੇ ਵਿਚ ਕੋਈ ਰੂਟ ਪੈਂਦਾ ਹੋਵੇ ਤਾਂ ਸ਼ਾਰਟੈਸਟ ਰੂਟ ਰਾਹੀਂ ਇਨ੍ਹਾਂ ਗੱਡੀਆਂ ਦਾ ਕਲੇਮ ਲਿਆ ਜਾ ਸਕਦਾ ਹੈ।

ੲ) ਐਲ.ਟੀ.ਸੀ. ਦੌਰਾਨ ਟੈਕਸੀ ਜਾਂ ਆਟੋ ਰਿਕਸ਼ਾ ਤੇ ਕੀਤੇ ਗਏ ਸਫਰ ਦੀ ਪ੍ਰਤੀ ਪੂਰਤੀ ਤਾਂ ਹੀ ਹੋ ਸਕਦੀ ਹੈ ਜੇਕਰ ਉਹ ਸਟੇਸ਼ਨ ਰੇਲਵੇ ਰਾਹੀਂ ਨਾ ਜੁੜਿਆ ਹੋਵੇ ਅਤੇ ਸਿਰਫ ਟੈਕਸੀ ਜਾਂ ਆਟੋ ਰਿਕਸਾ ਸੇਵਾ ਰੈਗੂਲਰ ਅਧਾਰ ਤੇ ਚਲਦੀ ਹੋਵੇ।

ਸ) ਐਲ.ਟੀ.ਸੀ. ਦੀ ਯਾਤਾਰਾ ਸੁਰੂ ਜਾਂ ਖਤਮ ਹੋਣ ਤੇ ਰਿਹਾਇਸ ਤੋਂ ਰੇਲਵੇ ਸਟੇਸ਼ਨ ਤੱਕ ਦੇ ਖਰਚੇ ਦੀ ਪ੍ਰਤੀ ਪੂਰਤੀ ਨਹੀਂ ਹੋ ਸਕੇਗੀ।

ਪੰਜਾਬ ਸਰਕਾਰ ਪਰਸੋਨਲ ਵਿਭਾਗ ਦੇ ਪੱਤਰ ਨੰ: 6/27/97-6ਪੀ.ਪੀ.3/10765 ਮਿਤੀ 11/8/98 ਅਤੇ 6/51/2009-6ਪੀ.ਪੀ.3/1617 ਮਿਤੀ 3/12/2000 ਅਨੁਸਾਰ ਹੱਕਦਾਰੀ ਹੇਠਾਂ ਦਿੱਤੇ ਅਨੁਸਾਰ ਹੈ

**1. #Admissibility by air**

**2.**

| Grade pay | Admissibility. |
|---|---|
| 7600 or above | By air Economy Class |
| *5400 to 7599 | By Air Economy Class (if distance is more than 500 Km) |

3. The Officer entitled to air travel by National Carrier under existing orders may be permitted to travel by Private airlines also while availing LTC w.e.f. 19.2.2007 . The basic criteria for selecting airlines other than Indian Air Lines/Air India would be better and more competitive prices being offered by other airlines. Punjab Govt. Instructions No.6/27/97-6PP/2275 Dated 19.2.2007

4. # Admissibility for class of Accommodation through Railway

| Gr. Pay | Train | Rajdhani-Ex | Stabadi Ex. |
|---|---|---|---|
| 10000 or above | Ist Class A.C./ Executive Class | Ist Class AC/ Executive Class | Ist Class AC / Executive Class |
| 7600- 9999 | Ist Class AC Chair Clar/AC 2 tier sleeper | Ist ClassAC chair car/AC two tier sleeper | Ist ClassAC chair car/AC two tier sleeper |
| *5400 to 7599 | Ist Class/AC chair Car/AC Three tier sleeper | Fist Class AC/ Chair Car/AC three tier sleeper | Nil |
| *5399- or less | Second Class | Nil | Nil |

Note: The reimbursement of fair for traveling through Rajdhani/Stabadi will be given if actually traveled.
* Amended vide No. 6/51-1PP3/671206/1 dated 19/1/16 applicable with immediate effect. Due to these instructions where entitlement specially use of accommodation is reduced the same will be protected to the existing persons.

**#Journey by River/Ocean Steamer**

| Sr.No. | Grade Pay | Entitlement |
|---|---|---|
| 1 | 10,000 & above | Highest Class |
| 2. | 7600-9999 | Second Class If there is two classes |
| 3. | *5400-7599 | Second Class if there is three classes and third if there are four classes |
| 4. | *5399- or less | lowest Class |

**#Journey to Ademan & Nicobar : through Shipping Corporation of India Ltd.**

| Sr.No. | Grade Pay | Entitlement |
|---|---|---|
| 1 | 10,000 & above | Delux Class |
| 2. | 7600-9999 | Ist Class/A Class Cabin |
| 3. | *5400-7599 | Second Class / B Class Cabin |
| 4. | *5399- or less | Common Class |

**#By Road**

| Sr.No. | Grade Pay | Entitlement |
|---|---|---|
| 1. | 7600 or above | A.C. Public Bus, AC Taxi/Taxi ( AC taxi if actually travelled through AC Taxii ) and where the place is not connected through Railway and further the actual fair of taxi is limited to bus fair of entitlement. |
| 2. | *5400-75999 | As above except A.C. Taxi |
| 3. | *5399- or less | Ordinary Bus fair |

**#Note ; Actual payee receipt is required for reimbursement of A.C.Tax/Taxi or Auto Rikshaw fair.**

5. **<u>*10 Days Encashment of Earned Leave shall be allowed once during the relevant LTC Block of 4 Years. This leave shall be debited to leave account and it should not exceed 60 days during entire service.</u>**
6. **<u>*Encashment of Earned leave has no link to the number of days or nature of leave availed during LTC.</u>**

7. **<u>*Where both Husband and wife are Government Employees, encashment of leave shall be admissible to both of them subject to a maximum of sixty days for each spouse during entire service carrier.</u>**

8. **<u>*These orders has been effective w.e.f. 1.10.2011 The benefit under these order shall be admissible only to those employees who proceeded on LTC on or after this date</u>**

.

# amended vide Punjab Government Circular No. 6/51/2009-6PP3/1617 Dated 3.12.2010

* Encashment of Earned leave has been allowed vide Punjab Government, Department of Finance No. 1/16/2011-3 FP2/617 dated 3rd October 2011

ਪੰਜਾਬ ਸਰਕਾਰ ਦੇ ਪੱਤਰ ਨੰ: 1/2011-3 ਐਫ.ਪੀ.2/111 ਮਿਤੀ 5/6/14 ਰਾਹੀਂ ਵਿੱਤ ਵਿਭਾਗ ਵਲੋਂ ਜਾਰੀ ਸਪਸ਼ਟੀਕਰਨ ਅਨੁਸਾਰ ਜ਼ੇਕਰ ਕਰਮਚਾਰੀ ਐਲ.ਟੀ.ਸੀ. ਤੇ ਜਾਣ ਲਈ ਕਮਾਈ ਛੁੱਟੀ ਲੈਂਦਾ ਹੈ ਅਤੇ ਨਾਲ ਹੀ 10 ਦਿਨਾਂ ਦੀ ਲੀਵ ਇਨਕੈਸ਼ਮੈਂਟ ਲੈਂਦਾ ਹੈ ਤਾਂ ਅਵੇਲ ਕੀਤੀ ਹੋਈ ਕਮਾਈ ਛੁੱਟੀ ਅਤੇ 10 ਦਿਨਾਂ ਦੀ ਲੀਵ ਇਨਕੈਸ਼ਮੈਂਟ ਦੋਵੇ ਹੀ ਕਰਮਚਾਰੀ ਦੇ ਕਮਾਈ ਛੁੱਟੀ ਦੇ ਖਾਤੇ ਵਿਚੋਂ ਘਟਾਈਆਂ ਜਾਣਗੀਆਂ।